# AGIYANTA DA ANNAND: CHAALI DIN

# ਅਗਿਆਨਤਾ ਦਾ ਆਨੰਦ: ਚਾਲੀ ਦਿਨ

**ਡਾ. ਐੱਲ.ਕੇ. ਲੈਜ਼ੀਆ** (Dr. L.K. Lezia)

**ਸਹਾਇਕ ਪ੍ਰੋਫੈਸਰ, ਪੰਜਾਬੀ ਵਿਭਾਗ**

**ਪੰਜਾਬ ਕੇਂਦਰੀ ਯੂਨੀਵਰਸਿਟੀ, ਘੁੱਦਾ, ਬਠਿੰਡਾ (ਪੰਜਾਬ)**

Email ID: lezia.lakhvir@gmail.com ਮੋਬਾਈਲ: +91- *75890-88435*

**ABSTRACT**

*ਵਾਸਤਵ ਵਿੱਚ ਸੰਤਾਲੀ ਦੀ ਵੰਡ ਵਿੱਚ ਸਹਿਕਦਾ ਪੰਜਾਬ ਅਜੇ ਤੱਕ ਵੀ ਆਪਣੇ ਉਹਨਾਂ ਪਿਆਰਿਆਂ ਨੂੰ ਨਹੀਂ ਭੁਲਾ ਸਕਿਆ, ਜੋ ਉਹਨਾਂ ਦੇ ਧੁਰ ਅੰਦਰ ਵੱਸਦੇ ਸੀ। ਕਿੰਨੇ ਘਰ ਇਸ ਵੰਡ ਨੇ ਉਜਾੜੇ ਇਹਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਪਰ ਆਪਣੇ ਤੋਂ ਵਿਛੜਿਆਂ ਦਾ ਗਮ ਹਰ ਸਮੇਂ ਸੀਨੇ ਵਿੱਚ ਇੱਕ ਚੀਸ ਦਿੰਦਾ ਹੈ, ਜਿਹੜੀ ਉਸ ਜਖ਼ਮ ਨੂੰ ਹਮੇਸ਼ਾ ਹਰਾ ਰੱਖਦੀ ਹੈ। ਇਸ ਪੁਸਤਕ ਦੇ ਦੋਵੇਂ ਰਾਹੀਂ ਸੰਤਾਲੀ ਦੇ ਸੰਤਾਪ ਦੇ ਭੋਗਣਹਾਰ ਹਨ। ਕੇਸਰ ਤੇ ਫ਼ਕੀਰ ਦੋਵੇਂ ਇਹ ਯਾਤਰਾ ਇੱਕ ਡੇਰੇ ਤੋਂ ਆਰੰਭ ਹੀ ਨਹੀਂ ਕਰਦੇ, ਸਗੋਂ ਇੱਕ ਦੂਸਰੇ ਦੇ ਸਹਾਰੇ ਤੈਅ ਕਰਦੇ ਹਨ,ਕਿਉਂਕਿ ਉਹਨਾਂ ਦੀ ਪੀੜ ਤੇ ਜ਼ਖ਼ਮ ਹੀ ਸਾਂਝੇ ਨਹੀਂ ਹਨ, ਸਗੋਂ ਉਹਨਾਂ ਦੇ ਆਦਰਸ਼ਵਾਦੀ ਸੰਸਕਾਰ ਵੀ ਸਾਂਝੇ ਹਨ, ਜਿਹੜੇ ਉਹਨਾਂ ਨੂੰ ਉਪਰਾਮਤਾ 'ਚ ਲਿਜਾਂਦੇ ਹਨ। ਉਹਨਾਂ ਦੋਵਾਂ ਦੇ ਚਾਲੀ ਦਿਨਾਂ ਦਾ ਇਹ ਪੰਧ ਉਹਨਾਂ ਦੋਵਾਂ ਨੂੰ ਹਰ ਰੋਜ਼ ਇੱਕ ਨਵੀਂ ਸਵੇਰ ਦੇ ਰੂ-ਬ-ਰੂ ਤਾਂ ਕਰਵਾਉਂਦਾ ਹੈ, ਪਰੰਤੂ ਇਹ ਸਵੇਰ ਅਰਥਹੀਣ ਹੀ ਪ੍ਰਤੀਤ ਹੁੰਦੀ ਹੈ, ਕਿਉਂਕਿ ਇਹ ਯਾਤਰਾ ਅਤੀਤਮੁਖੀ ਹੈ। ਪਰ ਦੋਵਾਂ ਦੀ ਯਾਤਰਾ ਵਿੱਚ ਲਕਸ਼ ਦਾ ਫਰਕ ਹੈ। ਇੱਕ ਵੰਡ 'ਚ ਗੁਆਚੇ ਦੀ ਭਾਲ ਲਈ ਯਾਤਰਾ ਕਰ ਰਿਹਾ ਕਰ ਰਿਹਾ ਹੈ ਤੇ ਦੂਸਰੇ ਦੀ ਯਾਤਰਾ ਦਾ ਕੋਈ ਅੰਤ ਨਹੀਂ ਹੈ। ਉਸ ਦੀ ਕੋਈ ਹੱਦ ਸਰਹੱਦ ਨਹੀਂ ਹੈ। ਪਰੰਤੂ ਉਸ ਦੀ ਯਾਤਰਾ ਦਾ ਅਰਥ ਵੀ ਕਿਧਰੇ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਕੀ ਉਸ ਦੀ ਇਹ ਯਾਤਰਾ ਵੀ ਅਰਥਹੀਣ ਤੇ ਉਦੇਸ਼ਹੀਣ ਹੈ?*

***ਕੀਵਰਡ : ਅਤੀਤਮੁਖੀ, ਅਗਿਆਨਤਾ, ਅਰਥਹੀਣ, ਸਰਬ-ਸਾਂਝੇ ਸੱਭਿਆਚਾਰ, ਸੁਪਨਮਈ, ਯਾਤਰਾ।***

ਮਨੁੱਖੀ ਜ਼ਿੰਦਗੀ ਇੱਕ ਅਜਿਹਾ ਸਫ਼ਰ ਹੈ ਜਿਹੜਾ ਇਸ ਨੂੰ ਹਰ ਮੋੜ ਉੱਤੇ ਨਿਤ ਨਵਾਂ ਸਬਕ ਦਿੰਦਾ ਹੈ। ਇਹ ਸਬਕ ਸਾਡੀ ਜ਼ਿੰਦਗੀ ਦੇ ਕੌੜੇ-ਮਿੱਠੇ ਅਨੁਭਵ ਵਿੱਚੋਂ ਪ੍ਰਗਟ ਹੁੰਦਾ ਹੈ। ਅਨੁਭਵ ਦਾ ਇਹ ਤਜ਼ਰਬਾ ਮਨੁੱਖ ਨੂੰ ਸਮੇਂ ਦੇ ਨਾਲ ਉਸ ਦੀ ਹੋਂਦ ਦਾ ਅਹਿਸਾਸ ਕਰਵਾਉਂਦਾ ਹੈ ਤੇ ਇਹੀ ਉਹ ਅਹਿਸਾਸ ਹੈ, ਜਿਹੜਾ ਉਸ ਨੂੰ ਉਸ ਦੀਆਂ ਮੂਲ ਜੜ੍ਹਾਂ ਨਾਲ ਜੋੜਦਾ ਹੈ। ਇਹ ਜੜ੍ਹ ਹੀ ਸਾਡੇ ਅਸਤਿਤਵ ਦੀ ਪਹਿਚਾਣ ਹੈ। ਇਸ ਦੀ ਪਹਿਚਾਣ ਕਰਨ ਲਈ ਕਈ ਵਾਰ ਉਮਰਾਂ ਬੀਤ ਜਾਂਦੀਆਂ ਹਨ। ਵੇਲਾ-ਵਹਾਅ ਚੁੱਕੇ ਅਹਿਸਾਸ ਸਾਥੋਂ ਸਾਡੀ ਮਿੱਟੀ, ਜੂਹ ਤੇ ਖੂਹ ਸਾਡੀਆਂ ਅੱਖਾਂ ਸਾਹਮਣੇ ਹੀ ਨਹੀਂ, ਸਗੋਂ ਸਾਡੇ ਹੱਥੀਂ ਹੀ ਸਾਡਾ ਪਤਨ ਕਰਵਾ ਦਿੰਦੇ ਹਨ। ਸੰਤਾਲੀ ਦੀ ਸੰਪਰਦਾਇਕ ਵੰਡ 'ਚ ਹੋਇਆ ਸਰਬ-ਸਾਝੇ ਸੱਭਿਆਚਾਰ ਦਾ ਪਤਨ ਅੱਜ ਵੀ ਸਾਡੇ ਧੁਰ ਅੰਦਰ ਨੂੰ ਵਿੰਨ ਦਿੰਦਾ ਹੈ। ਡਾ. ਗੁਰਪ੍ਰੀਤ ਧੁੱਗਾ ਦੇ ਅੰਦਰ ਵਸੀ ਸੰਨ ਸੰਤਾਲੀ ਦੇ ਸੰਤਾਪ ਪ੍ਰਤਿ ਸੰਵੇਦਨਸ਼ੀਲਤਾ ਦੇ ਬਿਰਤਾਂਤ ਨੂੰ ਪੇਸ਼ ਕਰਦੀ ਇਹ ਪੁਸਤਕ ***ਚਾਲੀ ਦਿਨ*** ਦੁਆਬੇ ਤੋਂ ਬੀਕਾਨੇਰ ਤੱਕ ਦਾ ਸਫ਼ਰ ਸੁਪਨਮਈ ਅਵਸਥਾ 'ਚ ਤੈਅ ਕਰਵਾਉਂਦੀ ਹੈ।

ਡਾ. ਧੁੱਗਾ ਵੱਲੋਂ ਕੀਤੀ ਗਈ ਸੁਪਨਮਈ ਯਾਤਰਾ ਦੀ ਬਿਰਤਾਂਤਕਾਰੀ ਇਕ ਵਾਰ ਤਾਂ ਪਾਠਕ ਵਰਗ ਨੂੰ ਪ੍ਰਾਚੀਨ ਪੰਜਾਬ ਨਾਲ ਧੁਰ ਅਦੰਰ ਤੱਕ ਸਾਂਝ ਪਵਾਉਂਦੀ ਹੈ। ਪਹਿਲੇ ਦਿਨ ਹੀ ਇਹ ਸਾਂਝ ਵਿਚ ਸਾਨੂੰ ਸਾਡੇ ਉਹਨਾਂ ਰੁੱਖਾ 'ਤੇ ਪੰਛੀਆਂ ਦੇ ਰੂ-ਬ-ਰੂ ਕਰਵਾਉਂਦੀ ਹੈ ਜਿਹੜੇ ਹੁਣ ਲੁਪਤ ਹੋ ਚੁਕੇ ਹਨ, ਜਿਸ ਵਿਚ ਸ਼ਰੀਂਹ, ਸੁਹੰਜਣਾ, ਤੂਤ, ਟਾਹਲੀ, ਬਾਂਸ ਤੇ ਬੇਰੀਆਂ ਦਾ ਦਰੱਖਤ ਤੇ ਇਹਨਾਂ ਦਰੱਖਤਾਂ 'ਚ ਆਪਣੀ ਹੀ ਸੁਰ ਵਿਚ ਮਸਤ ਪੰਛੀ ਚਿੜੀਆਂ, ਘੁੱਗੀਆਂ, ਚੱਕੀਰਾਹੇ, ਸ਼ਾਰਕਾਂ ਆਦਿ। ਧੁਰ ਅੰਦਰ ਬੈਠੀ ਰੁਖਾਂ ਦੀ ਠੰਡੀ ਛਾਂ 'ਤੇ ਪੰਛੀਆਂ ਦੀ ਚਿੜ-ਚਾੜ੍ਹਾਹਟ ਇਕ ਵਾਰ ਅਤੀਤ ਨਾਲ ਸਾਂਝ ਪਵਾਉਂਦੀ ਹੈ। ਇਹੋ ਜਿਹੀ ਹਰਿਆਲੀ ਭਰੇ ਵਾਤਾਵਰਣ ਤੋਂ ਆਰੰਭ ਹੁੰਦੀ ਇਹ ਯਾਤਰਾ ਹਰ ਦਿਨ ਇਕ ਨਵੀਂ ਥਾਂ ਨਾਲ ਸਾਂਝ ਪਾਉਂਦੀ ਹੈ। ਬਿਰਤਾਂਤਕਾਰ ਨੇ

ਬਹੁਤ ਹੀ ਸੰਜੀਦਗੀ ਅਤੇ ਗਹਿਰ-ਗੰਭੀਰਤਾ ਨਾਲ ਰਾਹਗੀਰਾਂ ਨਾਲ ਹੀ ਨਹੀਂ, ਸਗੋਂ ਰਸਤੇ ਵਿਚ ਆਉਂਦੇ ਰੁੱਖਾਂ ਨਾਲ ਵੀ ਸਾਂਝ ਪਵਾਈ। ਉਹ ਰੁੱਖ ਜਿਹੜੇ ਇਲਾਕਾਈ ਵਿਸ਼ੇਸ਼ਤਾਵਾਂ ਰੱਖਦੇ ਹਨ। ਦੁਆਬੇ ਤੋਂ ਬੀਕਾਨੇਰ ਤੱਕ ਦੀ ਯਾਤਰਾ ਦੇ ਦਰਮਿਆਨ ਉਹਨਾਂ ਨੂੰ ਅੱਕ, ਮਲੇ ਦੇ ਬੇਰ, ਕਿਕਰ, ਜੰਡ, ਰੇਰੂ ਦੇ ਰੁੱਖ, ਕਰੀਰ, ਰੋਹੇੜੇ ਦੇ ਫੁੱਲ ਅਤੇ ਰੇਰੂ ਦੇ ਰੁੱਖ ਮਿਲਦੇ ਹਨ। ਇਹ ਰੁੱਖ ਹੋ ਸਕਦਾ ਅੱਜ ਸਾਡੇ ਚੇਤਿਆਂ 'ਚੋਂ ਵਿਸਰ ਚੁਕੇ ਹੋਣ ਤੇ ਨਵੀਂ ਪੀੜ੍ਹੀ ਇਨ੍ਹਾਂ ਦੇ ਨਾਵਾਂ ਤੋਂ ਵੀ ਅਣਜਾਣ ਹੋਵੇ। ਪਰੰਤੂ ਬਿਰਤਾਂਤਕਾਰ ਦੀ ਇਹ ਦ੍ਰਿਸ਼ਟੀ ਉਸ ਦੀ ਵਾਤਾਵਰਣ ਪ੍ਰਤਿ-ਸੰਵੇਦਨਸ਼ੀਲਤਾ ਨੂੰ ਵੀ ਉਜਾਗਰ ਕਰਦੀ ਹੈ।

ਵਾਸਤਵ ਵਿੱਚ ਸੰਤਾਲੀ ਦੀ ਵੰਡ ਵਿੱਚ ਸਹਿਕਦਾ ਪੰਜਾਬ ਅਜੇ ਤੱਕ ਵੀ ਆਪਣੇ ਉਹਨਾਂ ਪਿਆਰਿਆਂ ਨੂੰ ਨਹੀਂ ਭੁਲਾ ਸਕਿਆ, ਜੋ ਉਹਨਾਂ ਦੇ ਧੁਰ ਅੰਦਰ ਵੱਸਦੇ ਸੀ। ਕਿੰਨੇ ਘਰ ਇਸ ਵੰਡ ਨੇ ਉਜਾੜੇ ਇਹਨਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਪਰ ਆਪਣੇ ਤੋਂ ਵਿਛੜਿਆਂ ਦਾ ਗਮ ਹਰ ਸਮੇਂ ਸੀਨੇ ਵਿੱਚ ਇੱਕ ਚੀਸ ਦਿੰਦਾ ਹੈ, ਜਿਹੜੀ ਉਸ ਜਖ਼ਮ ਨੂੰ ਹਮੇਸ਼ਾ ਹਰਾ ਰੱਖਦੀ ਹੈ। ਲੇਖਕ ਪੁਸਤਕ ਦੇ ਆਰੰਭ ਵਿਚ ਦੱਸਦਾ ਹੈ-

*ਮੇਰੇ ਪਰਿਵਾਰ ਦੇ ਵਡੇਰੇ, ਸੰਤਾਲੀ ਦੀ ਵੰਡ ਵੇਲੇ, ਜਿਲਾ ਸਰਗੋਧਾ ਦੇ ਚੱਕ ਨੰ. 119 ਤੋਂ ਗੱਡਿਆਂ 'ਤੇ ਆਪਣਾ ਸਮਾਨ ਲੱਦ ਤੁਰੇ ਸਨ।*

ਇਸ ਪੁਸਤਕ ਦੇ ਦੋਵੇਂ ਰਾਹੀਂ ਸੰਤਾਲੀ ਦੇ ਸੰਤਾਪ ਦੇ ਭੋਗਣਹਾਰ ਹਨ। ਕੇਸਰ ਤੇ ਫ਼ਕੀਰ ਦੋਵੇਂ ਇਹ ਯਾਤਰਾ ਇੱਕ ਡੇਰੇ ਤੋਂ ਆਰੰਭ ਹੀ ਨਹੀਂ ਕਰਦੇ, ਸਗੋਂ ਇੱਕ ਦੂਸਰੇ ਦੇ ਸਹਾਰੇ ਤੈਅ ਕਰਦੇ ਹਨ, ਕਿਉਂਕਿ ਉਹਨਾਂ ਦੀ ਪੀੜ ਤੇ ਜ਼ਖ਼ਮ ਹੀ ਸਾਂਝੇ ਨਹੀਂ ਹਨ, ਸਗੋਂ ਉਹਨਾਂ ਦੇ ਆਦਰਸ਼ਵਾਦੀ ਸੰਸਕਾਰ ਵੀ ਸਾਂਝੇ ਹਨ, ਜਿਹੜੇ ਉਹਨਾਂ ਨੂੰ ਉਪਰਾਮਤਾ 'ਚ ਲਿਜਾਦੇ ਹਨ। ਉਹਨਾਂ ਦੋਵਾਂ ਦੇ ਚਾਲੀ ਦਿਨਾਂ ਦਾ ਇਹ ਪੰਧ ਉਹਨਾਂ ਦੋਵਾਂ ਨੂੰ ਹਰ ਰੋਜ਼ ਇੱਕ ਨਵੀਂ ਸਵੇਰ ਦੇ ਰੂ-ਬ-ਰੂ ਤਾਂ ਕਰਵਾਉਂਦਾ ਹੈ, ਪਰੰਤੂ ਇਹ ਸਵੇਰ ਅਰਥਹੀਣ ਹੀ ਪ੍ਰਤੀਤ ਹੁੰਦੀ ਹੈ, ਕਿਉਂਕਿ ਇਹ ਯਾਤਰਾ ਅਤੀਤਮੁਖੀ ਹੈ। ਪਰ ਦੋਵਾਂ ਦੀ ਯਾਤਰਾ ਵਿੱਚ ਲਕਸ਼ ਦਾ ਫਰਕ ਹੈ। ਇੱਕ ਵੰਡ 'ਚ ਗੁਆਚੇ ਦੀ ਭਾਲ ਲਈ ਯਾਤਰਾ ਕਰ ਰਿਹਾ ਕਰ ਰਿਹਾ ਹੈ ਤੇ ਦੂਸਰੇ ਦੀ ਯਾਤਰਾ ਦਾ ਕੋਈ ਅੰਤ ਨਹੀਂ ਹੈ। ਉਸ ਦੀ ਕੋਈ ਹੱਦ ਸਰਹੱਦ ਨਹੀਂ ਹੈ। ਪਰੰਤੂ ਉਸ ਦੀ ਯਾਤਰਾ ਦਾ ਅਰਥ ਵੀ ਕਿਧਰੇ ਦ੍ਰਿਸ਼ਟੀਗੋਚਰ ਨਹੀਂ ਹੁੰਦਾ। ਕੀ ਉਸ ਦੀ ਇਹ ਯਾਤਰਾ ਵੀ ਅਰਥਹੀਣ ਤੇ ਉਦੇਸ਼ਹੀਣ ਹੈ?

ਇਸ ਸੁਪਨਮਈ ਯਾਤਰਾ ਦੇ ਬਿਰਤਾਂਤ ਵਿੱਚ ਕੇਸਰ ਇੱਕ ਅਜਿਹਾ ਯਾਤਰੀ ਹੈ ਜਿਹੜਾ ਸੰਨ ਸੰਤਾਲੀ ਈਸਵੀ ਦੀ ਹੋਈ ਵੰਡ ਵਿੱਚ ਆਪਣੇ ਪਰਿਵਾਰ ਨੂੰ ਗਵਾ ਚੁੱਕਾ ਹੈ। ਉਸ ਦਾ ਪਾਲਣ-ਪੋਸ਼ਣ ਉਸ ਦੀ ਦਾਦੀ ਕਰਦੀ ਹੈ। ਪਹਿਲਵਾਨਾਂ ਦਾ ਇਹ ਪਰਿਵਾਰ ਖੁਸ਼ਹਾਲੀ ਵਿੱਚ ਆਪਣੀ ਜ਼ਿੰਦਗੀ ਬਸਰ ਕਰ ਰਿਹਾ ਸੀ। ਫਿਰਕੂ-ਫਸਾਦਾਂ ਦੀ ਵੰਡ ਨੇ ਅਚਾਨਕ ਪੰਜਾਬ ਦੀ ਸਾਂਝੀਵਾਲਤਾ ਨੂੰ ਮਿੱਟੀ 'ਚ ਮਿਲਾ ਦਿੱਤਾ। ਔਰਤ ਦੀ ਅਣਖ, ਆਬਰੂ ਤੇ ਇੱਜ਼ਤ ਦੀ ਲਾਜ ਰੱਖਣ ਵਾਲੇ ਇਨਸਾਨ ਹੀ ਸ਼ੈਤਾਨ ਬਣ ਗਏ। ਇਹੋ-ਜਿਹੇ ਸਮੇਂ ਵਿੱਚ ਕੇਸਰ ਦੀ ਭੈਣ ਤਾਰੋ ਵੀ ਇਸ ਸੰਪਰਦਾਇਕ ਵੰਡ ਦੇ ਸੰਤਾਪ ਦੀ ਭੋਗਣਹਾਰ ਬਣਦੀ ਹੈ। ਜਿਸ ਸਮੇਂ ਉਹ ਆਪਣੀ ਮਾਂ ਨਾਲ ਜਾ ਰਹੀ ਸੀ ਤਾਂ ਘੋੜਸਵਾਰ ਉਸ ਨੂੰ ਚੁੱਕ ਕੇ ਲੈ ਗਏ। ਇਹ ਸਾਰਾ ਕੁਝ ਕੇਸਰ ਦੀਆਂ ਅੱਖਾਂ ਸਾਹਮਣੇ ਵਾਪਰਿਆ। ਉਹ ਇਸ ਸਦਮੇ ਨੂੰ ਨਾ ਸਹਿ ਸਕੀ ਤੇ ਇਸ ਸੰਸਾਰ ਤੋਂ ਤੁਰ ਗਈ।

ਕੇਸਰ ਦੇ ਦਾਦਾ ਤੇ ਉਸ ਦਾ ਪਿਤਾ ਦੋਵੇਂ ਭਲਵਾਨ ਸਨ, ਪ੍ਰੰਤੂ ਇਹ ਭਲਵਾਨੀ ਆਪਣੇ ਘਰ ਦੀਆਂ ਔਰਤਾਂ ਦੀ ਸੁਰੱਖਿਆ ਨਾ ਕਰ ਸਕੀ। ਸ਼ਾਇਦ ਇਹ ਉਹ ਵਜ੍ਹਾ ਸੀ ਕਿ ਕੇਸਰ ਦਾ ਪਿਤਾ ਆਪਣੀ ਧੀ ਨੂੰ ਲੱਭਣ ਗਿਆ ਵਾਪਿਸ ਨਾ ਪਰਤਿਆ। ਉਸ ਦਾ ਇੰਝ ਚਲੇ ਜਾਣਾ ਤੇ ਵਾਪਿਸ ਨਾ ਆਉਣਾ ਉਸ ਦੀ ਨਮੋਸ਼ੀ ਨੂੰ ਪ੍ਰਗਟ ਕਰਦਾ ਹੈ। ਅਸਲ ਵਿੱਚ ਉਹ ਅਜਿਹਾ ਹਨੇਰਾ ਸਮਾਂ ਸੀ ਜਿਸ ਵਿਚ ਆਮ ਲੋਕ ਹੀ ਨਹੀਂ, ਸਗੋਂ ਕੁਝ ਅਜਿਹੇ ਲੋਕਾਂ ਨੇ ਵੀ ਦੁੱਖ ਦਰਦ ਸਹਿਣ ਕੀਤਾ ਜਿਹੜੇ ਧਨ ਅਤੇ ਤਨ ਦੋਹਾਂ ਪੱਖਾਂ ਤੋਂ ਬਲਵਾਨ ਸਨ। ਪਰੰਤੂ ਉਸ ਯੁੱਗ-ਗਰਦੀ ਵਿਚ ਕੰਮ ਕੁਝ ਵੀ ਨਾ ਆਇਆ। ਸਾਡਾ ਵਿਅਕਤੀਗਤ ਵਿਕਾਸ ਉਸ ਨੂੰ ਸਮਾਜ ਤੋਂ ਵੱਖਰਾ ਜਾਂ ਵਿਸ਼ੇਸ਼ ਤਾਂ ਕਰ ਸਕਦਾ ਹੈ, ਪ੍ਰੰਤੂ ਜਦੋਂ ਕਿਸੇ ਸਮਾਜ ਵਿੱਚ ਸੰਪਰਦਾਇਕਤਾ ਦੀ ਅੱਗ ਬਲਦੀ ਹੈ ਤਾਂ ਉਹ ਸਭ ਨੂੰ ਖਾਕ ਕਰ ਦਿੰਦੀ ਹੈ। ਵਿਅਕਤੀ ਵਿਸ਼ੇਸ਼ ਦੇ ਰੂਪ ਵਿੱਚ ਪਈ ਹੋਈ ਮਨੁੱਖੀ ਹਉਮੈ ਉਸ ਨੂੰ ਨਮੋਸ਼ੀ ਦੇ ਸਮੁੰਦਰ 'ਚ ਗ੍ਰਸਤ ਕਰਦੀ ਹੈ। ਇਸ ਲਈ ਉਹ ਅਜਿਹੇ ਸਮਾਜ ਦਾ ਸਾਹਮਣਾ ਕਰਨ ਦੇ ਸਮਰੱਥ ਵੀ ਨਹੀਂ ਰਹਿੰਦਾ। ਕੇਸਰ ਦਾ ਪਿਤਾ ਆਪਣੀ ਪਤਨੀ ਗੁਆ ਕੇ ਧੀ ਨੂੰ ਲੱਭਣ ਲਈ ਜਾਂਦਾ ਹੈ ਤਾਂ ਉਹ ਪਿੱਛੇ ਆਪਣੀ ਬਜ਼ੁਰਗ ਮਾਂ ਅਤੇ ਛੋਟੇ ਬੇਟੇ ਨੂੰ ਛੱਡ ਕੇ ਚਲਾ ਜਾਂਦਾ ਹੈ। ਉਸ ਦਾ ਇੰਝ ਚਲੇ ਜਾਣਾ ਉਸ ਨੂੰ ਸਮਾਜ ਵਲੋਂ ਭਾਜਵਾਦੀ ਬਣਾਉਂਦਾ ਹੈ, ਜਿਹੜਾ ਸੱਚ ਨੂੰ ਸਵੀਕਾਰ ਕਰਨ ਤੋਂ ਮੁਨਕਰ ਹੈ, ਜਿਸ ਦਾ ਪ੍ਰਭਾਵ ਕੇਸਰ 'ਤੇ ਵੀ ਪਿਆ। ਮਨੁੱਖ ਦੀ ਇਹ ਭਾਂਜਵਾਦੀ ਸਥਿਤੀ ਉਸ ਨੂੰ ਕਾਇਰ ਬਣਾਉਂਦੀ ਹੈ।

ਕੇਸਰ ਜਿਵੇਂ-ਜਿਵੇਂ ਵੱਡਾ ਹੋਇਆ ਉਸ ਨੂੰ ਇਹ ਸਾਰਾ ਵਰਤਾਰਾ ਸਮਝ ਆਉਣ ਲੱਗਿਆ ਤਾਂ ਉਸ ਦੇ ਮਨ ਦੀ ਤੀਬਰ-ਤਾਂਘ ਕਿ ਉਹ ਆਪਣੇ ਪਿਤਾ ਨੂੰ ਬੀਕਾਨੇਰ ਤੋਂ ਲੱਭ ਕੇ ਲਿਆਵੇਗਾ। ਉਸ ਦੀ ਇਹ ਤਾਂਘ ਉਸ ਨੂੰ ਧੁਰ ਅੰਦਰ ਤੱਕ ਰੜਕਦੀ ਹੈ। ਹੁਣ ਉਸ ਦੀ ਇਹ ਰੜਕ ਉਸ ਨੂੰ ਸੁਪਨੇ ਵਿਚ ਸਤਾਉਣ ਲੱਗੀ। ਜਿਹੜੀਆਂ ਚੀਜ਼ਾਂ ਦੀ ਪ੍ਰਾਪਤੀ ਸਾਨੂੰ ਅਸਲੀ ਜੀਵਨ ਵਿਚ ਨਹੀਂ ਹੁੰਦੀ, ਉਸ ਦੀ ਪੂਰਤੀ ਸਾਨੂੰ ਸਾਡੇ ਸੁਪਨਿਆਂ 'ਚ ਹੁੰਦੀ ਹੈ। ਇਹ ਮਨੁੱਖ ਦੀਆਂ ਅਤ੍ਰਿਪਤ ਭਾਵਨਾਵਾਂ ਹੀ ਹਨ ਜਿਹੜੀਆਂ ਉਸ ਨੂੰ ਸੁਪਨੇ ਵਿਚ ਦਿਖਦੀਆਂ ਹਨ। ਕੇਸਰ ਦੇ ਜ਼ਹਿਨ ਵਿੱਚ ਵਸੀ ਉਸ ਦੇ ਬਾਪੂ ਵਲੋਂ ਪ੍ਰਾਪਤ ਹੋਈ ਉਹ ਆਖਰੀ ਚਿੱਠੀ ਜਿਸ 'ਤੇ ਬੀਕਾਨੇਰ ਦਾ ਸਿਰਨਾਵਾਂ ਲਿਖਿਆ ਹੋਇਆ ਸੀ। ਉਸ ਨੂੰ ਹਰ ਸਮੇਂ ਇਹ ਮਹਿਸੂਸ ਕਰਾਉਂਦੀ ਸੀ ਕਿ, ਉਸ ਦਾ ਬਾਪੂ ਅੱਜ ਵੀ ਬੀਕਾਨੇਰ ਵਿੱਚ ਹੈ। ਜਿਵੇਂ ਉਹ ਚਾਹੁੰਦਾ ਸੀ ਕਿ ਉਹ ਆਪਣੀ ਧੀ ਨੂੰ ਲੱਭ ਕੇ ਲਿਆਵੇਗਾ, ਇਸੇ ਤਰ੍ਹਾਂ ਕੇਸਰ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਵੀ ਆਪਣੇ ਪਿਤਾ ਨੂੰ ਲੱਭ ਕੇ ਲਿਆਵੇਗਾ। ਸੁਪਨੇ ਵਿੱਚ ਕੇਸਰ ਨੂੰ ਫ਼ਕੀਰ ਦਾ ਮਿਲਣਾ ਕੋਈ ਅਚੰਭੇ ਵਾਲੀ ਗੱਲ ਨਹੀਂ, ਕਿਉਂਕਿ ਬਚਪਨ ਵਿੱਚ ਬਾਲ-ਮਨ 'ਤੇ ਪਏ ਪ੍ਰਭਾਵ ਅਮਿੱਟ ਹੁੰਦੇ ਹਨ। ਕੇਸਰ ਆਪਣੇ ਪਿਤਾ ਨਾਲ ਬਚਪਨ ਵਿੱਚ ਪਿੰਡ ਦੀ ਕੁਟੀਆ ਵਿੱਚ ਜਾਂਦਾ ਰਿਹਾ, ਜਿੱਥੇ ਆਏ ਦਿਨ ਕੋਈ ਨਾ ਕੋਈ ਰਮਤਾ ਜੋਗੀ, ਸਾਧੂ ਜਾਂ ਫ਼ਕੀਰ ਆਇਆ ਹੀ ਰਹਿੰਦਾ ਸੀ, ਤੇ ਉਹ ਮੁਸਾਫ਼ਰ ਦੀ ਤਰ੍ਹਾਂ ਰਾਤ ਗੁਜ਼ਾਰ ਕੇ ਆਪਣੇ ਰਾਹੇ ਪੈ ਜਾਂਦੇ ਸਨ। ਪਰ ਸੰਸਾਰ ਜਾਂ ਸਮਾਜ ਨੂੰ ਉਹ ਕੀ ਦਿੰਦੇ ਕੋਈ ਨਹੀਂ ਜਾਣਦਾ। ਨਿਮਨ ਵਰਗ ਦੀ ਚੇਤਨਾ 'ਚ ਬੈਠੀ ਆਦਰਸ਼ਵਾਦੀ ਸ਼ਵੀ ਅੱਜ ਵੀ ਉਸ ਨੂੰ ਸੰਤਾਪ ਭੋਗਣ ਲਈ ਮਜ਼ਬੂਰ ਕਰਦੀ ਹੈ।

ਕੇਸਰ ਦੇ ਮਨ 'ਤੇ ਉਕਰੀਆਂ ਉਹ ਯਾਦਾਂ ਦੀਆਂ ਸਮ੍ਰਿਤੀਆਂ ਉਸ ਨੂੰ ਪਿਤਾ ਦੀ ਤਾਂਘ ਵਿਚ ਸੁਪਨਮਈ ਯਾਤਰਾ ਕਰਵਾਉਂਦੀਆਂ ਹਨ। ਕੇਸਰ ਦੀ ਇਹ ਸੁਪਨਮਈ ਯਾਤਰਾ ਇੱਕ ਰਾਤ ਵਿਚ ਉਸ ਨੂੰ ਚਾਲੀ ਦਿਨ ਦੀ ਯਾਤਰਾ ਤੈਅ ਕਰਵਾਉਂਦੀ ਹੈ, ਜੋ ਕਿ ਕਲਪਨਾ ਦੀ ਸ਼ਿਖ਼ਰ ਹੈ। ਦੁਨੀਆਂਦਾਰੀ ਤੋਂ ਬੇਖਬਰ ਇਸ ਅਣਭੋਲ ਬੱਚੇ ਦੇ ਮਨ ਵਿਚ ਫ਼ਕੀਰ ਦਾ ਪ੍ਰਭਾਵ ਹੋਣ ਕਰਕੇ ਉਹ ਉਸ ਦੀ ਸੁਪਨਮਈ ਯਾਤਰਾ ਦਾ ਸਾਥੀ ਹੋ ਨਿਬੜਦਾ ਹੈ। ਪਰੰਤੂ ਇਸ ਸੁਪਨਮਈ ਯਾਤਰਾ ਵਿਚ ਕੇਸਰ ਦਾ ਆਪਣੇ ਵਰਤਮਾਨ ਨਾਲ ਵੀ ਜੁੜੇ ਰਹਿਣਾ, ਜਿਸ ਵਿਚ ਉਹ ਹਰ ਸਮੇਂ ਜੀਤੀ ਨੂੰ ਯਾਦ ਕਰਦਾ ਹੈ। ਜੀਤੀ ਪ੍ਰਤਿ ਉਸ ਦਾ ਸਨੇਹ, ਸੁਹਿਰਦਤਾ ਅਤੇ ਉਸ ਦੀਆਂ ਸਮ੍ਰਿਤੀਆਂ ਉਸ ਨੂੰ ਸਮੇਂ-ਸਮੇਂ 'ਤੇ ਉਸ ਦੀ ਹੋਂਦ ਦਾ ਅਹਿਸਾਸ ਕਰਵਾਉਂਦੀਆਂ ਹਨ। ਉਸ ਦੀ ਇਹ ਸੁਚੇਤਤਾ ਉਸ ਨੂੰ ਇਸ ਗੱਲ ਲਈ ਵੀ ਫਿਕਰਮੰਦ ਕਰਦੀ ਹੈ ਕਿ, ਜੀਤੀ ਜ਼ੈਲਦਾਰਾਂ ਦੀ ਧੀ ਹੈ ਕੀ ਉਸ ਦਾ ਉਸ ਨਾਲ ਮੇਲ ਸੰਭਵ ਹੈ ਜਾਂ ਨਹੀਂ? ਉਸ ਦਾ ਇਹ ਖ਼ਿਆਲ ਕਰਨਾ ਇੱਥੇ ਆਰਥਿਕ ਸਾਂਸਕ੍ਰਿਤਿਕ ਚੇਤਨਾ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ ਜਿਹੜਾ ਅੱਜ ਵੀ ਅਜਿਹੇ ਸੰਸਕਾਰਾਂ ਵਿਚ ਗ੍ਰਸਤ ਹੈ। ਫ਼ਕੀਰ ਦੀਆਂ ਸੁਪਨਮਈ ਗੱਲਾਂ ਤੇ ਕਥਾਵਾਂ ਉਸ ਨੂੰ ਧਰਵਾਸ ਜ਼ਰੂਰ ਦਿੰਦੀਆਂ ਹਨ, ਪਰੰਤੂ ਯਥਾਰਥਕ ਪੱਧਰ 'ਤੇ ਉਸ ਦੀਆਂ ਸਮੱਸਿਆਵਾਂ ਦਾ ਕੋਈ ਸਮਾਧਾਨ ਨਹੀਂ ਕਰਦੀਆਂ। ਕੇਸਰ ਦੇ ਮਨ ਵਿਚ ਜਿੰਨੇ ਸਮਾਜਿਕ ਜੀਵਨ ਨੂੰ ਲੈ ਕੇ ਸਵਾਲ ਸਨ ਜਾਂ ਸਮਾਜਿਕ ਜੀਵਨ ਦੀਆਂ ਉਹ ਸਮੱਸਿਆਵਾਂ ਜਿਨ੍ਹਾਂ ਦਾ ਸਮਾਧਾਨ ਮੁਨੱਖ ਨੂੰ ਇਸ ਸਮਾਜ ਵਿਚੋਂ ਨਹੀਂ ਮਿਲਦਾ, ਉਸ ਦੀ ਪ੍ਰਾਪਤੀ ਜਾਂ ਉਹਨਾਂ ਸਮੱਸਿਆਵਾਂ ਦਾ ਹੱਲ ਉਹ ਸੁਪਨੇ ਵਿਚ ਕਰਦਾ ਹੈ। ਪਰੰਤੂ ਵਾਸਤਵਿਕਤਾ ਇਹ ਹੈ ਕਿ ਜ਼ਿੰਦਗੀ ਸੁਪਨੇ ਵਿਚ ਬਤੀਤ ਨਹੀਂ ਕੀਤੀ ਜਾ ਸਕਦੀ। ਇਸ ਲਈ ਜਾਗ੍ਰਿਤ ਰਹਿਣਾ ਬਹੁਤ ਜ਼ਰੂਰੀ ਹੈ। ਕੇਸਰ ਜਦੋਂ ਆਪਣੀ ਬੇਬੇ ਪਾਸ ਹੈ ਤਾਂ ਉਸ ਨੂੰ ਬਾਪੂ ਦੀ ਯਾਦ ਆਉਂਦੀ ਹੈ। ਜਿਸ ਸਮੇਂ ਉਹ ਸੁਪਨਮਈ ਯਾਤਰਾ ਵਿਚ ਹੈ ਤਾਂ ਉਸ ਨੂੰ ਬੇਬੇ, ਜੀਤੀ ਅਤੇ ਪਿੰਡ ਦੀ ਜੂਹ ਯਾਦ ਆਉਂਦੀ ਹੈ। ਮੇਲੇ ਵਿਚ ਉਸ ਨੂੰ ਆਪਣੀ ਭੈਣ ਦਾ ਚਿਹਰਾ ਦਿਖਾਈ ਦਿੰਦਾ ਹੈ ਇਹ ਭਟਕਣਾ ਅਸਲ 'ਚ ਮਨੁੱਖੀ ਮਨ ਦੀ ਕਦੇ ਨਹੀਂ ਮੁੱਕਦੀ। ਕੇਸਰ ਅਸਲ ਵਿਚ ਮਨੁੱਖੀ ਮਨ ਦੀ ਦਾਸਤਾਂ ਨੂੰ ਬਿਆਨ ਕਰਦਾ ਹੈ ਜਿਹੜਾ ਅਤੀਤ ਵਿਚੋਂ ਬਾਹਰ ਨਹੀਂ ਨਿਕਲ ਸਕਿਆ ਅਤੇ ਜੀਤੀ ਨਾਲ ਭਵਿੱਖ ਵੀ ਉਸ ਨੂੰ ਧੁੰਦਲਾ ਦਿਖਾਈ ਦਿੰਦਾ ਹੈ। ਇਹਨਾਂ ਦੋਵਾਂ ਚਿੰਤਾਵਾਂ ਵਿਚ ਉਸ ਦਾ ਵਰਤਮਾਨ ਸੰਕਟ ਵਿਚ ਹੈ। ਇਹ ਸੰਕਟ ਹੀ ਉਸ ਦੀ ਭਟਕਣਾ ਹੈ ਤੇ ਭਟਕਿਆ ਹੋਇਆ ਮਨ ਕਦੇ ਕੋਈ ਮੰਜ਼ਿਲ ਪ੍ਰਾਪਤ ਨਹੀਂ ਕਰ ਸਕਦਾ। ਇਹੀ ਆਧੁਨਿਕ ਮਨੁੱਖ ਦੀ ਤ੍ਰਾਸਦੀ ਹੈ। ਇਸ ਤ੍ਰਾਸਦੀ ਦਾ ਮੁੱਖ ਕਾਰਨ ਸਾਡੇ ਸਮਾਜ ਦੀ ਵਰਗ-ਵੰਡ ਜਿਹੜੀ ਮਨੁੱਖ ਨੂੰ ਮਨੁੱਖ ਦੇ ਤੌਰ 'ਤੇ ਨਹੀਂ ਵੇਖਦੀ। ਜਾਗੀਰਦਾਰੀ ਪਰੰਪਰਾ ਨਾਲ ਪ੍ਰਨਾਈ ਹੋਈ ਰੂੜ੍ਹੀਵਾਦੀ ਸੋਚ ਕੇਸਰ ਲਈ ਇਕ ਦਰਿਆ ਬਣ ਖਲੋ ਜਾਂਦੀ ਹੈ, ਜਦੋਂ ਉਹ ਇਹ ਸੋਚਦਾ ਹੈ ਕਿ ਜੀਤੀ ਜ਼ੈਲਦਾਰਾਂ ਦੀ ਧੀ ਹੈ। ਆਰਥਿਕ ਪੱਧਰ 'ਤੇ ਪਿਆ ਹੋਇਆ ਇਹ ਪਾੜਾ ਮਨੁੱਖ ਨੂੰ ਹਮੇਸ਼ਾ ਹੀ ਅੱਗੇ ਵੱਧਣ ਤੋਂ ਰੋਕਦਾ ਹੈ। ਫ਼ਕੀਰ ਤੇ ਕੇਸਰ ਨੂੰ ਮਾਰੂ ਤੇ ਢੋਲੇ ਦੇ ਪ੍ਰਸੰਗ ਵਿਚ ਕਥਾ ਸੁਣਾਉਣਾ ਕਿ ਮਾਰੂ ਬੀਕਾਨੇਰ ਦੇ ਰਾਜੇ ਦੀ ਧੀ ਸੀ ਤੇ ਢੋਲਾ ਗਰੀਬ ਸੀ ਅਸਲ ਵਿੱਚ ਕੇਸਰ ਦੇ ਮਨ ਵਿੱਚ ਇਸ ਆਰਥਿਕ ਵੰਡ ਨੂੰ ਹੋਰ ਵੀ ਪੱਕਾ ਕਰਦਾ ਹੈ ਕਿ ਸਾਡੇ ਸਮਾਜ ਵਿਚ ਅਜੇ ਵੀ ਦੋ ਪ੍ਰੇਮੀਆਂ ਦੇ ਮੇਲ ਲਈ ਉਨ੍ਹਾਂ 'ਚ ਸਮਾਜਿਕ ਅਤੇ ਆਰਥਿਕ ਬਰਾਬਰੀ ਦਾ ਹੋਣਾ ਅਤਿ ਜ਼ਰੂਰੀ ਹੈ। ਅਜਿਹੀ ਜਾਗੀਰਦਾਰੀ ਪਰੰਪਰਾ ਦੀ ਰਹਿੰਦ-ਖੂਹੰਦ

ਅਜੇ ਵੀ ਸਾਡੇ ਸਮਾਜ ਨੂੰ ਘੁਣ ਵਾਂਗ ਚਿੰਬੜੀ ਹੋਈ ਹੈ, ਜਿਹੜੀ ਇਸ ਸਮਾਜ ਨੂੰ ਅੰਦਰ ਤੋਂ ਖੋਰ ਰਹੀ ਹੈ।

ਜੀਤੀ ਅਤੇ ਕੇਸਰ ਦਾ ਬਚਪਨ ਇਕੱਠੇ ਬਤੀਤ ਹੋਇਆ। ਦੋਵਾਂ ਦੇ ਬਾਲ ਉਮਰ ਦੀਆਂ ਖੇਡਾਂ ਕਦੋਂ ਸੰਗ, ਸ਼ਰਮ ਅਤੇ ਹਯਾ ਵਿਚ ਤਬਦੀਲ ਹੋ ਗਈਆਂ ਪਤਾ ਹੀ ਨਹੀਂ ਚਲਿਆ। ਬਿਰਤਾਂਤਕਾਰ ਨੇ ਬਹੁਤ ਹੀ ਸਹਿਜ ਸੁਭਾਅ ਅਤੇ ਸੰਜੀਦਗੀ ਨਾਲ ਦੱਸਿਆ ਹੈ ਕਿ ਜੀਤੀ ਦਾ ਚੁੰਨੀ ਨਾਲ ਆਪਣੇ ਸਰੀਰ ਨੂੰ ਕੱਜਣਾ ਉਹਨਾਂ ਦੇ ਜਵਾਨ ਹੋਣ ਦੀ ਹਾਮੀ ਭਰਦਾ ਹੈ। ਜੀਤੀ ਪਿੰਡ ਦੇ ਜ਼ੈਲਦਾਰਾਂ ਦੀ ਧੀ ਹੈ। ਮਨ ਹੀ ਮਨ ਉਹ ਵੀ ਕੇਸਰ ਨੂੰ ਪਸੰਦ ਕਰਦੀ ਹੈ ਤੇ ਉਸ ਦਾ ਕੇਸਰ ਨੂੰ ਆਪਣੀ ਘਰ ਦੀ ਛੱਤ ‘ਤੇ ਧੁੱਪ ’ਚ ਖੜ੍ਹ ਕੇ ਵੇਖਣਾ ਉਸ ਪ੍ਰਤਿ ਜੀਤੀ ਦੀ ਤਾਂਘ ਨੂੰ ਉਜਾਗਰ ਕਰਦਾ ਹੈ ਪਰ ਸਮਾਜਿਕ ਬੰਦਸ਼ਾ ਅਤੇ ਊਚ-ਨੀਚਤਾ ਦੇ ਪਾੜੇ ਨੂੰ ਅੱਖੋਂ-ਪਰੋਖੇ ਨਹੀਂ ਕਰਦਾ।

ਕੇਸਰ ਦੇ ਮਨ ਵਿੱਚ ਵਸੀ ਫ਼ਕੀਰ ਦੀ ਤਸਵੀਰ ਸਾਦਗੀ ਭਰਪੂਰ ਸੀ। ਇੱਕ ਉੱਚਾ, ਲੰਬਾ, ਪਤਲਾ ਜਿਹਾ ਬਜ਼ੁਰਗ ਜਿਸ ਦੀ ਚਾਲ ਵਿੱਚ ਫੁਰਤੀ ਤੇ ਲੋੜ ਤੋਂ ਸਿਵਾਏ ਉਸ ਕੋਲ ਕੁੱਝ ਵੀ ਨਹੀਂ ਸੀ। ਚਿੱਟੀ ਦਾੜੀ ਤੇ ਸਮਾਧੀ ਵਿਚ ਬੈਠਾ ਇਹ ਫ਼ਕੀਰ ਕੇਸਰ ਨੂੰ ਕਿਸੇ ਰੱਬ ਤੋਂ ਘੱਟ ਨਹੀਂ ਜਾਪਦਾ। ਪੰਜਵੇਂ ਦਿਨ ਦੀ ਯਾਤਰਾ ਦੇ ਬਿਰਤਾਂਤ ਵਿੱਚ ਫ਼ਕੀਰ ਕੇਸਰ ਨੂੰ ਦੱਸਦਾ ਹੈ ਕਿ ਕਿਵੇਂ ਉਸ ਦਾ ਪਰਿਵਾਰ ਉਸ ਸੰਤਾਲੀ ਦੀ ਵੰਡ ਸਮੇਂ ਉਸ ਦੀਆਂ ਅੱਖਾਂ ਸਾਹਮਣੇ ਹੀ ਖ਼ਾਕ ਹੋ ਗਿਆ। ਸਮੁੱਚੇ ਪਰਿਵਾਰ ਦੇ ਵਿਛੋੜੇ ਨੇ ਉਸ ਨੂੰ ਫ਼ਕੀਰ ਬਣਾ ਦਿੱਤਾ ਉਸ ਤੋਂ ਬਾਅਦ ਉਹ ਕਦੀ ਵੀ ਇੱਕ ਥਾਂ ’ਤੇ ਇਕ ਰਾਤ ਤੋਂ ਵੱਧ ਨਹੀਂ ਰੁਕਿਆ। ਜ਼ਿੰਦਗੀ ਕਿਸੇ ਲਈ ਨਹੀ ਰੁਕਦੀ, ਇਸ ਲਈ ਚਲਦੇ ਰਹਿਣਾ ਹੀ ਜ਼ਿੰਦਗੀ ਹੈ, ਪ੍ਰੰਤੂ ਇਹ ਫ਼ਕੀਰ ਅਤੀਤ ਵਿੱਚ ਹੀ ਖੜਾ ਹੈ।

ਫ਼ਕੀਰ ਦੀ ਯਾਤਰਾ ਦੀ ਕੋਈ ਹੱਦ ਨਹੀਂ। ਫ਼ਕੀਰ ਹੋਣਾ ਅਤਿ ਕਠਿਨ ਸਾਧਨਾ ਹੈ। ਇਹ ਸਾਧਨਾ ਸੰਨਿਆਸ ਦੀ ਮੰਗ ਕਰਦੀ ਹੈ। ਸੰਨਿਆਸ ਵੈਰਾਗ ਵਿੱਚੋਂ ਉਤਪੰਨ ਹੁੰਦਾ ਹੈ। ਵੈਰਾਗ ਆਪਣੇ-ਆਪ ਨੂੰ, ਆਪਣੇ ਨਫ਼ਸ ਨੂੰ ਮਾਰ ਕੇ ਪੈਦਾ ਹੁੰਦਾ ਹੈ।

*ਵਾਜ ਫ਼ਕੀਰਾ ਕਿਸੇ ਨਾ ਮਾਰਿਆ,*

*ਇਹ ਜ਼ਾਲਮ ਚੋਰ ਅੰਦਰ ਦਾ ਹੂ।*[2]

ਸੁਲਤਾਨ ਬਾਹੂ ਦਾ ਇਹ ਕਲਾਮ ਫ਼ਕੀਰ ਦੀ ਕਠਿਨ ਸਾਧਨਾ ਨੂੰ ਪ੍ਰਗਟ ਕਰਦਾ ਹੈ। *ਫ਼ਕੀਰੀ ਬਾਹਰੀ ਲਿਬਾਸ ਧਾਰਨ ਕਰਨ ਦਾ ਨਾਮ ਨਹੀਂ ਫ਼ਕੀਰੀ ਸਦੀਵਤਾ ਦਾ ਅਜਿਹਾ ਚਿਹਨ ਹੈ, ਜਿਹੜਾ ਮਨੁੱਖ ਨੂੰ ਸੱਚ ਦੇ ਰੂ-ਬ-ਰੂ ਕਰਵਾਉਂਦਾ ਹੈ। ਉਹ ਸੱਚ ਜਿਹੜਾ ਧਰਤੀ ਉੱਤੇ ਵਾਪਰਦਾ ਹੈ। ਇਸ ਸੱਚ ਦਾ ਪਸਾਰਾ ਕਿਸੇ ਅਲੌਕਿਕਤਾ ਵਿੱਚ ਨਹੀਂ ਹੈ, ਸਗੋਂ ਇਹ ਯਥਾਰਥਕਤਾ ਵਿੱਚੋਂ ਹੀ ਪ੍ਰਗਟ ਹੁੰਦਾ ਹੈ। ਇਸ ਯਥਾਰਥਕਤਾ ਵਿਚਲਾ ਸੱਚ ਮਨੁੱਖ ਨੂੰ ਨਾਬਰ ਬਣਾਉਂਦਾ ਹੈ। ਸੂਫ਼ੀ ਵਾਸਤਵ ਵਿਚ ਦਿਲ ਤੇ ਦਿਮਾਗ ਵਿਚ ਇਨਕਲਾਬ ਦਾ ਇਤਿਹਾਸ ਹੈ।*[3]

ਅਮਲੀ ਪੱਧਰ ‘ਤੇ ਇਹ ਫ਼ਕੀਰ ਬਾਹਰੀ ਲਿਬਾਸ ਦਾ ਧਾਰਨੀ ਹੈ। ਇਸ ਦੀ ਅੰਦਰਲੀ ਪੀੜ ਨੇ ਇਸ ਨੂੰ ਬਾਹਰੀ ਰੂਪ ਵਿਚ ਫ਼ਕੀਰ ਬਣਾਇਆ। ਫ਼ਕੀਰੀ ਵਿਅਕਤੀਗਤ ਦੁੱਖ ਵਿੱਚੋਂ ਨਹੀਂ ਪਨਪਣੀ ਚਾਹੀਦੀ, ਨਾ ਹੀ ਦੁੱਖਾਂ ਤੋਂ ਹਾਰ ਮੰਨ ਕੇ ਫ਼ਕੀਰ ਬਣਨਾ ਚਾਹੀਦਾ ਹੈ, ਨਾ ਹੀ ਸੰਸਾਰ ਤੋਂ ਭਾਂਜਵਾਦੀ ਹੋ ਕੇ ਅਤੇ ਨਾ ਹੀ ਇਹ ਭਗਵੇਂ ਕੱਪੜੇ ਪਾਉਣ ਦਾ ਨਾਮ ਹੈ, ਪ੍ਰੰਤੂ ਇਸ ਬਿਰਤਾਂਤ ਵਿਚਲਾ ਫ਼ਕੀਰ ਇਹਨਾਂ ਚਾਰ ਸਥਿਤੀਆਂ ਦੇ ਅਮਲ ਵਿਚੋਂ ਲੰਘਿਆ ਹੈ। ਇਸ ਵਿਅਕਤੀ ਦੀ ਅੰਦਰਲੀ ਅਸ਼ਾਂਤੀ ਨੇ ਇਸ ਨੂੰ ਬਾਹਰੀ ਭਟਕਣ ਵੱਲ ਪ੍ਰੇਰਿਤ ਕੀਤਾ। ਇਸੇ ਲਈ ਇਹ ਘੁਮੱਕੜਾਂ ਵਾਂਗ ਚੋਲਾ ਪਾਈ ਘੁੰਮ ਰਿਹਾ ਹੈ। ਫ਼ਕੀਰ ਦੀ ਗੰਢਾਂ ਮਾਰ ਕੇ ਬਣਾਈ ਹੋਈ ਮਣਕਿਆਂ ਦੀ ਮਾਲਾ ਉਸ ਦੀ ਗੁਰਬਤ ਦੀ ਗਾਥਾ ਵੀ ਬਿਆਨ ਕਰਦੀ ਹੈ। ਜਿਸ ਕੋਲ ਜ਼ਿੰਦਗੀ ਨੂੰ ਅਰਥ ਦੇਣ ਦਾ ਕੋਈ ਸਾਧਨ ਜਾਂ ਸਹੂਲਤਾਂ ਨਹੀਂ ਹਨ, ਉਸ ਦੀ ਗ਼ਰੀਬੀ ਉਸ ਨੂੰ ਦਰ-ਦਰ ਭਟਕਾ ਰਹੀ ਹੈ। ਕੇਸਰ ਨੂੰ ਫ਼ਕੀਰ ਦੱਸਦਾ ਹੈ ਕਿ ਐਨੀਆਂ ਜ਼ਿੰਦਗੀਆਂ, ਘਰ ਤੇ ਪਰਿਵਾਰਾਂ ਦੇ ਉਜਾੜੇ ਦੇ ਜਸ਼ਨ ਨੂੰ ਇਹ ਲੋਕ ਆਜ਼ਾਦੀ ਦੱਸਦੇ ਹਨ, ਇਹ ਉਸ ਦੇ ਅੰਦਰਲੇ ਦੀ ਇੰਤਹਾਂ ਹੈ। ਉਹ ਕਹਿੰਦਾ ਹੈ ਕਿ ਇਤਿਹਾਸ ਸਿਰਫ਼ ਉਹੀ ਨਹੀਂ ਹੁੰਦਾ ਜਿਹੜਾ ਕਿਤਾਬਾਂ ਦੇ ਪੰਨਿਆਂ ’ਤੇ ਉਲੀਕਿਆ ਗਿਆ ਹੋਵੇ। ਉਜਾੜੇ ਦੀ ਇਹ ਦਾਸਤਾਂ ਬੜੀ ਲੰਬੀ ਹੈ। ਫ਼ਕੀਰ ਆਪਣੇ ਅਨੁਭਵ ਵਿੱਚੋਂ ਦੱਸਦਾ ਹੈ ਕਿ ਜ਼ਿੰਦਗੀ ਵਿੱਚ ਚਾਰ ਦੁੱਖ ਅਥਾਹ ਨੇ ਜਿਨ੍ਹਾ ਦੇ ਕਾਰਨ ਮਨੁੱਖ ਹਰ ਸਮੇਂ ਸੋਚਾਂ ਦੇ ਸਮੁੰਦਰ ਵਿੱਚ ਗ੍ਰਸਤ ਰਹਿੰਦਾ ਹੈ। ਇਨ੍ਹਾਂ ਚਾਰ ਦੁੱਖਾਂ ਦਾ ਸੰਤਾਪ ਭੋਗਦੇ-ਭੋਗਦੇ ਉਸ ਦੀ ਆਪਣੀ ਜ਼ਿੰਦਗੀ ਕਿਨਾਰੇ ’ਤੇ ਲੱਗ ਜਾਂਦੀ ਹੈ। ਇਸ ਵਿੱਚ ਗ਼ਰੀਬੀ, ਵਿਛੋੜਾ, ਬਿਮਾਰੀ ਤੇ ਮੌਤ ਦਾ ਦੁੱਖ ਅਸਹਿ ਹੈ। ਇਹ ਤਿੰਨੋਂ ਦੁੱਖ ਫ਼ਕੀਰ ਨੇ ਆਪਣੇ ਤਨ ਅਤੇ ਮਨ ਅਤੇ ਹੰਡਾਏ, ਜਿਸ ਦਾ ਪ੍ਰਭਾਵ ਅੱਜ ਵੀ ਉਸ ਦੀ ਜ਼ਿੰਦਗੀ ‘ਤੇ ਦਿਖਾਈ ਦਿੰਦਾ ਹੈ, ਉਹ ਦੁਖਾਂ ਨੂੰ ਝੱਲਣ ਤੋਂ ਮੁਨਕਰ ਹੋ ਚੁੱਕਾ ਹੈ। ਦੂਸਰਾ ਉਹ ਕੇਸਰ ਵਰਗੇ ਬੱਚੇ ਨੂੰ ਇਹ ਵੀ ਸਮਝਾਉਣਾ ਚਾਹੁੰਦਾ ਹੈ ਕਿ ਇਸ ਦੁਨੀਆ ਵਿੱਚ ਸਿਰਫ਼ ਤੂੰ ਤੇ ਮੈਂ ਹੀ ਨਹੀਂ ਹਾਂ ਜਿਹੜੇ ਦੁਖੀ ਹਾਂ। ਸਮੁੱਚੀ ਲੋਕਾਈ ਇਸ ਪੀੜ ਵਿੱਚੋਂ ਦੀ ਲੰਘ ਰਹੀ ਹੈ। ਇਸ ਲਈ ਯਾਤਰਾ ਦੇ ਆਰੰਭ ਵਿੱਚ ਉਹ ਕੇਸਰ ਨੂੰ ਇਕ ਕਾਲਾ ਪੱਥਰ ਦਿੰਦਾ ਹੈ ਜਿਹੜਾ ਅਗਿਆਨਤਾ ਦਾ ਪ੍ਰਤੀਕ ਹੈ।

ਅਗਿਆਨਤਾ ਵੱਸ ਮਨੁੱਖ ਨੂੰ ਹਰ ਮੁਸ਼ਕਿਲ ਸਮੇਂ ਹਨੇਰਾ/ਕਾਲਾ ਅੰਧਕਾਰ ਹੀ ਨਜ਼ਰ ਆਉਂਦਾ ਹੈ। ਅਤੀਤਮੁਖੀ ਹੋਣਾ ਜਾਂ ਹਰ ਸਮੇਂ ਅਤੀਤ ਵਿੱਚ ਵੇਖੀ ਜਾਣਾ ਵੀ ਹਨੇਰੇ ਵਿੱਚ ਤਲਵਾਰ ਚਲਾਉਣ ਜਿਹਾ ਹੈ। ਕੇਸਰ ਦੀ ਇਹ ਤਾਂਘ ਕਿ ਮੈਨੂੰ ਫ਼ਕੀਰ ਨੇ ਕੋਈ ਇਲਾਹੀ ਚੀਜ਼ ਦਿੱਤੀ ਹੈ ਤਾਂ ਉਹ ਇਸ ਨੂੰ ਪ੍ਰਾਪਤ ਕਰਕੇ ਬਹੁਤ ਪ੍ਰਸੰਨ ਹੈ। ਉਹ ਇਹ ਨਹੀਂ ਜਾਣਦਾ ਕਿ ਇਹ ਕਾਲਾ ਪੱਥਰ ਉਸ ਦੇ ਕਾਲੇ ਅਤੀਤ ਦਾ ਪ੍ਰਤੀਕ ਹੈ। ਫ਼ਕੀਰ ਦਾ ਉਸ ਨੂੰ ਇਹ ਕਹਿਣਾ ਕਿ ਉਹ ਯਾਤਰਾ ਦੇ ਅਖੀਰ ਤੇ ਉਸ ਨੂੰ ਚਿੱਟਾ ਪੱਥਰ ਦੇਵੇਗਾ। ਇਹ ਫ਼ਕੀਰ ਤਾਂ ਅੱਜ ਤੱਕ ਆਪਣਾ ਅਤੀਤ ਚੁੱਕੀ ਘੁੰਮ ਰਿਹਾ ਹੈ, ਅਤੀਤ ਵਿੱਚ ਹੀ ਜਿਉਂ ਰਿਹਾ ਹੈ ਅਤੇ ਅਜੇ ਤਕ ਆਪ ਵੀ ਆਪਣੇ ਅਤੀਤ ਵਿਚੋਂ ਬਾਹਰ ਨਹੀਂ ਨਿਕਲਿਆ ਤੇ ਕੇਸਰ ਨੂੰ ਉਸ ਵਿੱਚੋਂ ਕਿਵੇਂ ਬਾਹਰ ਕੱਢ ਸਕਦਾ ਹੈ? ਉਹ ਆਪ ਅਤੀਤ ਦੀਆਂ ਕਥਾਵਾਂ ਵਿੱਚੋਂ ਰਸ ਲੈ ਕੇ ਭ੍ਰਮਿਕ ਜ਼ਿੰਦਗੀ ਬਸਰ ਕਰ ਰਿਹਾ ਹੈ। ਫ਼ਕੀਰ ਦਾ ਉਸ ਨੂੰ ਹਰ ਸਵਾਲ ਪਿੱਛੇ ਕਥਾ-ਬਿਰਤਾਂਤ ਦਾ ਸੁਣਾਉਣਾ ਵਾਸਤਵ ਵਿਚ ਅਸਲੀ ਜੀਵਨ ਵਿਚ ਪੈਦਾ ਹੋਏ ਸੰਕਟ, ਸਮੱਸਿਆਵਾਂ ਦੇ ਸਮਾਧਾਨ ਦੀ ਥਾਂ ਉਸ ਨੂੰ ਮੱਧ ਵਰਗੀ ਰੂੜੀਵਾਦੀ ਚੇਤਨਾ ਦੇ ਸੰਚੇ ਵਿੱਚ ਢਾਲਣ ਦਾ ਇੱਕ ਪੁਨਰ ਯਤਨ ਹੈ। ਆਪਣੇ ਅਤੀਤ ਉੱਤੇ ਪੁਨਰ ਝਾਤ ਮਾਰਦੇ ਹੋਏ ਉਸ ਵਿੱਚੋਂ ਕੋਈ ਐਸਾ ਸਬਕ ਲੈਣਾ ਜਿਹੜਾ ਤੁਹਾਡੇ ਭਵਿੱਖ ਨੂੰ ਉਜਾਲੇ ਵੱਲ ਲੈ ਜਾਵੇ, ਇਸ ਦੇ ਉਲਟ ਪ੍ਰਾਚੀਨ ਕਥਾ ਕਹਾਣੀਆਂ ਵਿੱਚ ਝਲਕਦੀ ਨਿਮਨ ਵਰਗ ਦੀ ਕਰੁਣਾਮਈ ਹਾਲਤਾਂ 'ਚੋਂ ਧਰਵਾਸ ਲੈਣ ਲਈ ਪ੍ਰੇਰਿਤ ਕਰਦੀ ਹੈ। ਮੱਧ ਵਰਗੀ ਚੇਤਨਾ ਨਾਲ ਪ੍ਰਨਾਈ ਹੋਈ ਇਹ ਬਿਰਤਾਂਤਕਾਰੀ ਅਮਲੀ ਪੱਧਰ ਉੱਤੇ ਪਾਠਕ ਵਰਗ ਨੂੰ ਦਿਸ਼ਾਹੀਣ ਕਰਦੀ ਹੈ। ਜ਼ਿੰਦਗੀ ਸੰਘਰਸ਼ ਦਾ ਦੂਸਰਾ ਨਾਮ ਹੈ। ਸੰਘਰਸ਼ ਬਿਨਾਂ ਜ਼ਿੰਦਗੀ ਸੱਖਣੀ ਹੈ। ਪ੍ਰੰਤੂ ਇਹ ਕਥਾਵਾਂ ਆਪਣੀ ਹੋਣੀ ਤੇ ਕਿਸਮਤ ਦੇ ਭਰਮ ਜਾਲ 'ਚ ਉਲਝਾਉਂਦੀਆਂ ਹੋਈਆਂ ਸੰਘਰਸ਼ ਦਾ ਮਾਰਗ ਅਖਤਿਆਰ ਨਹੀਂ ਕਰਦੀਆਂ, ਸਗੋਂ ਸੱਤਾਧਾਰੀ ਧਿਰ ਨੂੰ ਬਲ ਬਖ਼ਸ਼ਦੀਆਂ ਹਨ।

ਕੇਸਰ ਵਰਗੇ ਹੋਰ ਕਿੰਨੇ ਬੱਚੇ, ਬਾਪੂ ਨੂੰ ਮਿਲਣ ਦੀ ਤਾਂਘ ਵਿਚ ਸਾਉਂਦੇ ਹੋਣਗੇ। ਸੁਪਨੇ ਵਿਚ ਹੋ ਰਹੀਆਂ ਉਹਨਾਂ ਦੀਆਂ ਮੁਲਾਕਾਤਾਂ ਦੀ ਇਹ ਅਧੂਰੀ ਗਾਥਾ ਸਵੇਰ ਹੋਣ 'ਤੇ ਟੁੱਟ ਜਾਂਦੀ ਹੈ। ਪਰ ਜ਼ਿੰਦਗੀ ਜਿਉਣ ਦਾ ਅਮਲ ਨਿੱਜੀ ਅਨੁਭਵ ਤੇ ਸੰਘਰਸ਼ਮਈ ਜੀਵਨ ਵਿੱਚੋਂ ਪ੍ਰਾਪਤ ਹੁੰਦਾ ਹੈ, ਪ੍ਰੰਤੂ ਇਹ ਬਿਰਤਾਂਤ ਮਨੁੱਖੀ ਸੰਘਰਸ਼ ਦੇ ਅਮਲ ਤੋਂ ਕੋਰਾ ਹੈ। ਬਿਰਤਾਂਤਕਾਰ ਦੀ ਇਹ ਸੁਪਨਮਈ ਯਾਤਰਾ ਪ੍ਰਾਚੀਨ ਪੰਜਾਬ ਨਾਲ ਸਾਂਝ ਪਵਾਉਂਦੀ ਹੋਈ ਸੰਤਾਲੀ ਦੇ ਕਰੁਣਾਮਈ ਸਾਕੇ ਦੇ ਰੂ-ਬ-ਰੂ ਜ਼ਰੂਰ ਕਰਵਾਉਂਦੀ ਹੈ,ਪ੍ਰੰਤੂ ਕੀ ਇਸ ਸੰਤਾਪ ਦੇ ਭੋਗਣਹਾਰ ਕੇਸਰ ਵਰਗੇ ਬੱਚਿਆ ਨੂੰ ਅਤੀਤ ਵਿਚੋਂ ਬਾਹਰ ਨਿਕਲ ਕੇ ਵਰਤਮਾਨ ਨਾਲ ਜੁੜਨ ਅਤੇ ਭਵਿੱਖ ਨੂੰ ਰੋਸ਼ਨ ਕਰਨ ਦਾ ਸੁਨੇਹਾ ਦਿੰਦੀ ਹੈ? ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਫ਼ਕੀਰ, ਕੇਸਰ ਅਤੇ ਕੇਸਰ ਦਾ ਪਿਤਾ ਧੁਰ ਅੰਦਰ ਤੋਂ ਭੂਪਵਾਦੀ ਸਮਾਜ ਦੇ ਸੰਸਕਾਰਾਂ ਦੀ ਰਹਿੰਦ-ਖੂੰਹਦ ਨੂੰ ਤਿਲਾਂਜਲੀ ਦੇ ਕੇ ਆਪਣੀ ਹੋਂਦ ਤੇ ਹੱਕ ਲਈ ਖੜੇ ਹੁੰਦੇ ਤੇ ਇਸ ਲਈ ਕੋਈ ਬਾਹਰੀ ਭੇਸ ਧਾਰਨ ਕਰਨ ਦੀ ਜ਼ਰੂਰਤ ਨਹੀ , ਕਿਸੇ ਬਾਹਰੀ ਆਡੰਬਰ ਨਾਲ ਜੁੜਨ ਦੀ ਵੀ ਜ਼ਰੂਰਤ ਨਹੀਂ ਅਤੇ ਨਾ ਹੀ ਸੁਪਨੇ ਵਿਚ ਪ੍ਰਾਚੀਨ ਕਥਾਵਾਂ ਵਿਚੋਂ ਰਸ ਲੈਣ ਦੀ, ਸਗੋਂ ਉਸ ਦੇ ਲਈ ਆਪਣੀਆਂ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸਥਿਤੀਆਂ-ਪ੍ਰਸਥਿਤੀਆਂ ਨੂੰ ਸਮਝਣ ਦੀ ਜ਼ਰੂਰਤ ਹੈ। ਕੇਸਰ ਤੇ ਫ਼ਕੀਰ ਨਾਲ ਇਹ ਸਾਰਾ ਬਿਰਤਾਂਤ ਉਸ ਨੂੰ ਸੁਪਨਮਈ ਅਵਸਥਾ ਵਿਚ ਉਸ ਦਾ ਸਵੈ ਹੀ ਉਸ ਨੂੰ ਰੂੜੀਵਾਦੀ ਮਾਰਗ ਦੇ ਰਿਹਾ ਹੈ,ਪ੍ਰੰਤੂ ਇਹ ਕਾਲਪਨਿਕ ਪੱਧਰ 'ਤੇ ਹੈ ਤੇ ਅਤੀਤਮੁਖੀ ਵੀ ਹੈ। ਇਹ ਯਾਤਰਾ ਇਕ ਤਾਂ ਸੁਪਨਮਈ ਹੈ, ਜਿਹੜੀ ਯਾਤਰਾ ਨਾ ਹੋ ਕੇ ਵੀ ਯਾਤਰਾ ਦਾ ਭਰਮ ਸਿਰਜਦੀ ਹੈ। ਦੂਸਰਾ ਇਹ ਅਤੀਤਮੁਖੀ ਹੈ ਤੇ ਤੀਸਰਾ ਇਹ ਅਤੀਤ ਵਿਚ ਵੀ ਘੋਰ ਅਤੀਤ ਵਿਚ ਲੈ ਕੇ ਜਾਂਦੀ ਹੈ, ਜਿਸ ਦੀ ਸਾਰਥਕਤਾ ਅਜੋਕੇ ਯੁੱਗ ਵਿਚ ਕਿਧਰੇ ਵੀ ਨਜ਼ਰ ਨਹੀਂ ਆਉਂਦੀ। ਉਦੇਸ਼ ਤੋਂ ਸੱਖਣੀ, ਗਿਆਨ ਤੋਂ ਕੋਰੀ ਅਤੇ ਵਰਤਮਾਨ ਤੇ ਭਵਿੱਖ ਨੂੰ ਨਕਾਰ ਕੇ ਕੀਤੀ ਗਈ ਬਿਰਤਾਂਤਕਾਰ ਦੀ ਇਹ ਸਿਰਜਣਕਾਰੀ ਸਾਰਥਕਤਾ ਦਾ ਸੰਦੇਸ਼ ਦੇਣ ਤੋਂ ਸੱਖਣੀ ਹੀ ਪ੍ਰਤੀਤ ਨਹੀਂ ਹੁੰਦੀ, **ਸਗੋਂ ਭਾਰਤੀ ਗਿਆਨ ਪਰੰਪਰਾ ਵਿਚ ਚਾਲੀ ਦਿਨ ਦੇ ਕੀਤੇ ਜਾਂਦੇ ਕਿਸੇ ਵੀ ਤਰ੍ਹਾਂ ਦੇ ਸੰਘਰਸ਼ ਤੇ ਸਾਧਨਾ ਹਿੱਤ ਕਾਰਜ ਜਾਂ ਯਾਤਰਾ ਭਵਿੱਖਮੁਖੀ ਹੁੰਦੀ ਹੈ, ਨਾ ਕਿ ਅਤੀਤਮੁਖੀ** । ਬਿਰਤਾਂਤਕਾਰ ਦਾ ਇਸ ਯਾਤਰਾ ਨੂੰ ਸੁਪਨਮਈ ਅਵਸਥਾ ਵਿਚ ਪੇਸ਼ ਕਰਨ ਦੀ ਜੁਗਤ ਵਾਸਤਵ ਵਿੱਚ ਆਦਰਸ਼ਮਈ ਤੇ ਅਤੀਤਮੁਖੀ ਹੈ, ਕਿਉਂਕਿ ਸੁਪਨੇ ਹਮੇਸ਼ਾ ਬੀਤੇ ਹੋਏ ਸਮੇਂ ਨਾਲ ਜੁੜੇ ਹੁੰਦੇ ਹਨ। ਇਸ ਲਈ ਉਸ ਦੀ ਇਹ ਅਤੀਤਮੁਖੀ ਯਾਤਰਾ ਇਕ ਰਾਤ ਵਿਚ ਚਾਲੀ ਰਾਤਾਂ ਦਾ ਪੰਧ ਤਹਿ ਕਰਨ ਦਾ ਭਰਮ ਸਿਰਜਦੀ ਹੈ, ਕਿਉਂਕਿ ਯਾਤਰਾ ਹਮੇਸ਼ਾ ਅਗਾਹ ਵਧੂ ਹੁੰਦੀ ਹੈ, ਪਿਛਾਂਹ ਖਿੱਚੂ ਨਹੀਂ।

ਇਸ ਸੁਪਨਮਈ ਬਿਰਤਾਂਤ ਯਾਤਰਾ ਵਿੱਚ ਤਿੰਨਾਂ ਪਾਤਰਾਂ ਦੀ ਸਮੱਸਿਆ ਇੱਕੋ ਹੀ ਹਨ। ਪ੍ਰੰਤੂ ਉਹਨਾਂ ਦੀਆਂ ਸਥਿਤੀਆਂ-ਪ੍ਰਸਥਿਤੀਆਂ ਵੱਖੋ-ਵੱਖਰੀਆਂ ਹਨ। ਇਹ ਤਿੰਨੋਂ ਸੰਤਾਲੀ 'ਚ ਹੋਈ ਸੰਪਰਦਾਇਕ ਵੰਡ ਦਾ ਸੰਤਾਪ ਭੋਗਦੇ ਹਨ। ਉਹਨਾਂ ਦਾ ਇਹ ਸੰਤਾਪ ਉਹਨਾਂ ਨੂੰ ਨਿਰਾਸ਼ਾਵਾਦੀ ਬਣਾਉਂਦਾ ਹੈ। ਉਸ ਪ੍ਰਤਿ ਉਹਨਾਂ ਦਾ ਕੋਈ ਸੰਘਰਸ਼ ਨਹੀਂ, ਜ਼ਿੰਦਗੀ ਜਿਊਣ ਦੀ ਕੋਈ ਚਾਹ ਨਹੀਂ,

ਸਗੋਂ ਉਹ ਪ੍ਰਾਚੀਨ ਸੰਸਕਾਰਾਂ ਨਾਲ ਪ੍ਰਨਾਏ ਹੋਏ ਕਲਪਨਾਮਈ ਖਿਆਲਾਂ 'ਚੋ ਰਸ ਅਨਭੂਤੀ ਲੈਣਾ ਚਾਹੁੰਦੇ ਹਨ ਅਤੇ ਇਹਨਾਂ ਖਿਆਲਾਂ ਦੀ ਭ੍ਰਮਿਕ ਪੂਰਤੀ ਸੁਪਨੇ ਵਿਚ ਹੁੰਦੀ ਹੈ। ਕੇਸਰ ਦੇ ਪਿਤਾ ਦਾ ਘਰ ਛੱਡ ਕੇ ਚਲੇ ਜਾਣਾ, ਧੀ ਦੀ ਭਾਲ ਵਿੱਚ ਜਾਂ ਫਿਰ ਰੂੜੀਵਾਦੀ ਸੋਚ ਅਧੀਨ ਧੀ ਨੂੰ ਚੁੱਕ ਕੇ ਲੈ ਜਾਣ ਉਸ ਦੀ ਨਿਰਾਸ਼ਾ ਤੇ ਨਮੋਸ਼ੀ ਦੀ ਚਰਮ ਸੀਮਾ ਉਸ ਨੂੰ ਸਮਾਜ ਵਿੱਚੋਂ ਭਾਂਜਵਾਦੀ ਬਣਾਉਂਦੀ ਹੈ। ਫ਼ਕੀਰ ਜਿਸ ਨੇ ਆਪਣੇ ਪਰਿਵਾਰ ਨੂੰ ਸੰਪਰਦਾਇਕਤਾ ਦੀ ਅੱਗ ਵਿੱਚ ਖਾਕ ਹੁੰਦੇ ਦੇਖਿਆ, ਉਸ ਦਾ ਆਪਣੇ-ਆਪ ਨੂੰ ਜਿਉਂਦੇ-ਜੀਅ ਖਾਕ ਕਰ ਲੈਣਾ, ਸੰਸਾਰ ਵੱਲੋਂ ਉਪਰਾਮਤਾ ਤੇ ਆਪਣੇ-ਆਪ ਨੂੰ ਧਰਵਾਸ ਦੇਣ ਲਈ ਖਾਸ ਕਿਸਮ ਦੇ ਰੂੜੀਵਾਦੀ ਸੰਸਕਾਰਾਂ ਵਿੱਚ ਗ੍ਰਸਤ ਹੋ ਜਾਣਾ, ਉਸ ਨੂੰ ਵੀ ਸਮਾਜ ਤੋਂ ਭਾਂਜਵਾਦੀ ਬਣਾਉਂਦਾ ਹੈ। ਕੇਸਰ ਦੇ ਬਾਲ ਮਨ ਉੱਤੇ ਪਏ ਆਦਰਸ਼ਵਾਦੀ ਸੰਸਕਾਰਾਂ ਦੇ ਅਮਿੱਟ ਪ੍ਰਭਾਵ ਉਸ ਨੂੰ ਸੁਪਨਮਈ ਅਵਸਥਾ ਵਿੱਚ ਵੀ ਸੰਸਾਰ ਤੋਂ ਭਾਂਜਵਾਦੀ ਬਣਾਉਂਦੇ ਹਨ। ਇਹ ਤਿੰਨੋਂ ਪਾਤਰ ਆਪੋ-ਆਪਣੀਆਂ ਵਿਹਾਰਕ ਪੱਧਰ ਦੀਆਂ ਸਮਾਜਿਕ ਸਮੱਸਿਆਵਾਂ ਤੋਂ ਭੱਜਦੇ ਨਜ਼ਰ ਆਉਂਦੇ ਹਨ ਤੇ ਇਹਨਾਂ ਸਮੱਸਿਆਵਾਂ ਦਾ ਹੱਲ ਸੰਘਰਸ਼ ਵਿੱਚੋਂ ਨਹੀਂ, ਸਗੋਂ ਅਤੀਤ ਵਿੱਚੋਂ ਭਾਲਦੇ ਹਨ। ਉਹ ਅਤੀਤ ਜਿਹੜਾ ਸੰਸਕਾਰਾਂ ਵਸ ਇਹਨਾਂ ਨੂੰ ਭਵਿੱਖ ਵੱਲ ਦੇਖਣ ਤੋਂ ਰੋਕਦਾ ਹੈ। ਕੇਸਰ, ਕੇਸਰ ਦਾ ਪਿਤਾ ਅਤੇ ਫ਼ਕੀਰ ਇਹਨਾਂ ਦੇ ਵਿਪਰੀਤ ਕੇਸਰ ਦੀ ਦਾਦੀ ਜਿਸ ਨੇ ਇਹਨਾਂ ਤਿੰਨਾਂ ਨਾਲੋਂ ਵੱਧ ਆਪਣੇ ਤਨ ਅਤੇ ਮਨ 'ਤੇ ਇਸ ਸੰਤਾਪ ਨੂੰ ਹੰਢਾਇਆ, ਉਹ ਵਿਹਾਰਕ ਪੱਧਰ 'ਤੇ ਆਪਣੀ ਜ਼ਿੰਦਗੀ ਬਸਰ ਕਰਦੀ ਹੈ। ਚਾਲੀ ਦਿਨ ਦੀ ਇਹ ਬਿਰਤਾਂਤਕਾਰੀ ਮਨੁੱਖ ਨੂੰ ਸੁਪਨਮਈ ਅਤੇ ਅਤੀਤਮੁਖੀ ਬਣਾਉਂਦੀ ਹੋਈ, ਅਗਿਆਨਤਾ ਦੇ ਆਨੰਦ ਵਿੱਚ ਸਾਡੇ ਵਰਤਮਾਨ ਤੇ ਭਵਿੱਖ ਨੂੰ ਧੁੰਦਲਾ ਕਰਨ ਦਾ ਢੁਕਵਾਂ ਯਤਨ ਹੈ।

## ਹਵਾਲੇ ਅਤੇ ਟਿੱਪਣੀਆਂ


1. ਧੁਗਾ ਗੁਰਪ੍ਰੀਤ ਸਿੰਘ (ਡਾ.), ਚਾਲੀ ਦਿਨ, ਔੱਟਮ ਆਰਟ, ਪਟਿਆਲਾ। ਪੰਨਾ: 8.
2. ਕਲਾਮ, ਸੁਲਤਾਨ ਬਾਹੂ
3. ਪ੍ਰੋ ਗੁਲਵੰਤ ਸਿੰਘ, ਇਸਲਾਮ ਤੇ ਸੂਫੀਵਾਦ, ਪੰਜਾਬੀ ਯੂਨੀਵਰਸਿਟੀ ਪਟਿਆਲਾ। ਪੰਨਾ : 103